ਜੂਨ 2023

# ਇੱਕ ਸੁਤੰਤਰ ਸਕਾਟਲੈਂਡ ਲਈ ਇੱਕ ਆਧੁਨਿਕ ਸੰਵਿਧਾਨ ਬਣਾਉਣਾ

BUILDING A NEW SCOTLAND

## ਸਾਰ

### ਜਾਣ-ਪਛਾਣ

'ਬਿਲਡਿੰਗ ਏ ਨਿਊ ਸਕਾਟਲੈਂਡ' ਲੜੀ ਦਾ ਇਹ ਚੌਥਾ ਪੇਪਰ ਹੇਠਾਂ ਦਿੱਤੇ ਪਹਿਲੂਆਂ ਨੂੰ ਨਿਰਧਾਰਤ ਕਰਦਾ ਹੈ:

- ਸਕਾਟਲੈਂਡ ਦੇ ਲੋਕ ਇੱਕ ਨਵੇਂ ਆਜ਼ਾਦ ਦੇਸ਼ ਕੰਮ ਕਰਨ ਦੇ ਤਰੀਕੇ ਨੂੰ ਕਿਵੇਂ ਆਕਾਰ ਦੇ ਸਕਦੇ ਹਨ
- ਵੈਸਟਮਿੰਸਟਰ ਦੀ ਪ੍ਰਭੂਸੱਤਾ ਨੂੰ ਸਕਾਟਲੈਂਡ ਵਿੱਚ ਰਹਿਣ ਵਾਲੇ ਲੋਕਾਂ ਦੀ ਪ੍ਰਭੂਸੱਤਾ ਨਾਲ ਬਦਲ ਕੇ, ਸੱਤਾ ਵਾਲੀ ਜਗ੍ਹਾ 'ਤੇ ਆਜ਼ਾਦੀ ਕਿਵੇਂ ਮੂਲ ਰੂਪ ਵਿੱਚ ਬਦਲ ਸਕਦੀ ਹੈ
- ਇੱਕ ਲਿਖਤੀ ਸੰਵਿਧਾਨ ਅਧਿਕਾਰਾਂ ਅਤੇ ਸਮਾਨਤਾ ਨੂੰ ਆਪਣੇ ਅੰਦਰ ਵਿੱਚ ਕਿਵੇਂ ਰੱਖ ਸਕਦਾ ਹੈ, ਜਿਸ ਵਿੱਚ ਹੜਤਾਲ ਕਰਨ ਦੇ ਅਧਿਕਾਰ ਦੀ ਰੱਖਿਆ ਕਰਨ ਅਤੇ ਸਕਾਟਲੈਂਡ ਵਿੱਚ NHS ਨੂੰ ਸੰਵਿਧਾਨਕ ਮਾਨਤਾ ਦੇਣ ਵਰਗੇ ਅਧਿਕਾਰ ਸ਼ਾਮਲ ਹੋਣ।
- ਸਕਾਟਲੈਂਡ ਦੇ ਲੋਕਾਂ ਅਤੇ ਉਨ੍ਹਾਂ ਦੀ ਚੁਣੀ ਹੋਈ ਸੰਸਦ ਰਾਹੀਂ ਇੱਕ ਸਥਾਈ ਲਿਖਤੀ ਸੰਵਿਧਾਨ ਕਿਵੇਂ ਬਣਾਇਆ ਜਾ ਸਕਦਾ ਹੈ, ਜੋ ਸਕਾਟਲੈਂਡ ਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਸੰਵਿਧਾਨ ਮੁਹੱਈਆ ਕਰਦੀ ਹੈ

ਪੂਰਾ ਪ੍ਰਕਾਸ਼ਨ ਇਨ੍ਹਾਂ ਪ੍ਰਸਤਾਵਾਂ ਬਾਰੇ ਵਧੇਰੇ ਵੇਰਵੇ ਅਤੇ ਨਾਲ ਹੀ ਸਰੋਤਾਂ ਦੇ ਹਵਾਲੇ ਵੀ ਮੁਹੱਈਆ ਕਰਦਾ ਹੈ ਜੋ ਉਨ੍ਹਾਂ ਨੂੰ ਸੂਚਿਤ ਕਰਨ ਵਾਲੇ ਸਬੂਤਾਂ ਦਾ ਵਿਸ਼ਲੇਸ਼ਣ ਕਰਦੇ ਹਨ।

### ਸਕਾਟਲੈਂਡ ਨੂੰ ਲਿਖਤੀ ਸੰਵਿਧਾਨ ਦੀ ਜ਼ਰੂਰਤ ਕਿਉਂ ਹੈ

ਸੰਵਿਧਾਨ ਨਿਯਮਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਦੇਸ਼ ਦੇ ਕੰਮ ਕਰਨ ਦੇ ਤਰੀਕੇ ਦੀ ਅਗਵਾਈ ਕਰਦਾ ਹੈ। ਇਸ ਵਿੱਚ ਸ਼ਾਮਲ ਹੈ:

- ਦੇਸ਼ ਦਾ ਸੰਚਾਲਨ ਕਿਵੇਂ ਕੀਤਾ ਜਾਣਾ ਚਾਹੀਦਾ ਹੈ, ਇਹ ਨਿਰਧਾਰਤ ਕਰਨ ਵਾਲੇ ਸਿਧਾਂਤ
- ਦੇਸ਼ ਵਿੱਚ ਕਿਹੜੀਆਂ ਸੰਸਥਾਵਾਂ (ਜਿਵੇਂ ਕਿ ਸੰਸਦ, ਸਰਕਾਰ ਅਤੇ ਕਾਨੂੰਨ ਅਦਾਲਤਾਂ) ਹੋਣਗੀਆਂ ਅਤੇ ਉਨ੍ਹਾਂ ਵਿਚਕਾਰ ਸਬੰਧ ਕੀ ਹੋਣਗੇ
- ਉਨ੍ਹਾਂ ਸੰਸਥਾਵਾਂ ਵੱਲੋਂ ਸ਼ਕਤੀਆਂ ਦਾ ਪ੍ਰਬੰਧਨ ਕਿਵੇਂ ਕੀਤਾ ਜਾਂਦਾ ਹੈ
- ਸਭ ਤੋਂ ਉੱਤਮ ਸਥਿਤੀਆਂ ਵਿੱਚ ਦੇਸ਼ ਦੇ ਲੋਕਾਂ ਦੇ ਮੁੱਖ ਅਧਿਕਾਰ, ਅਤੇ ਸਮਾਨਤਾ ਸੁਰੱਖਿਆ

ਜ਼ਿਆਦਾਤਰ ਦੇਸ਼ਾਂ ਦੇ ਉਲਟ, ਯੂਨਾਈਟਿਡ ਕਿੰਗਡਮ ਕੋਲ ਇੱਕ ਵੀ ਸੰਵਿਧਾਨਕ ਦਸਤਾਵੇਜ਼ ਨਹੀਂ ਹੈ। ਇਸ ਦੀ ਬਜਾਏ, ਇਸ ਕੋਲ ਕਈ ਤਰ੍ਹਾਂ ਦੇ ਕਨੂੰਨ, ਇਜਲਾਸ, ਪੂਰਵ ਪ੍ਰਮਾਣ ਅਤੇ ਅਦਾਲਤੀ ਫ਼ੈਸਲੇ ਮੌਜੂਦ ਹਨ। 'ਵੈਸਟਮਿੰਸਟਰ ਸੰਸਦੀ ਪ੍ਰਭੂਸੱਤਾ' ਦੀ ਧਾਰਨਾ, ਜਿਸ ਵਿੱਚ ਅੰਤਮ ਅਧਿਕਾਰ 'ਕਰਾਊਨ-ਇਨ-ਪਾਰਲੀਮੈਂਟ' ਕੋਲ ਹੁੰਦਾ ਹੈ, ਉਹ ਯੂ.ਕੇ. ਦੇ ਸੰਵਿਧਾਨ ਨੂੰ ਦਰਸਾਉਂਦੀ ਹੈ।

ਯੂਕੇ ਦੀ ਸੰਸਦੀ ਪ੍ਰਭੂਸੱਤਾ ਦਾ ਪ੍ਰਭਾਵ ਇਹ ਹੈ ਕਿ ਵੈਸਟਮਿੰਸਟਰ ਵੱਲੋਂ ਕਿਸੇ ਵੀ ਸਮੇਂ ਸੰਸਦ ਦੇ ਹਰੇਕ ਸਦਨ ਵਿੱਚ ਇੱਕ ਸਧਾਰਨ ਬਹੁਮਤ ਰਾਹੀਂ ਸਕਾਟਿਸ਼ ਸੰਸਦ ਜਾਂ ਸਰਕਾਰ ਦੀਆਂ ਤਾਕਤਾਂ ਨੂੰ ਬਦਲਿਆ ਜਾ ਸਕਦਾ ਹੈ। ਸਕਾਟਲੈਂਡ ਦੇ ਲੋਕਾਂ ਵੱਲੋਂ ਚੁਣੀ ਗਈ ਸਕਾਟਿਸ਼ ਸੰਸਦ ਰਾਹੀਂ ਸਕਾਟਲੈਂਡ ਵਿੱਚ ਬਣਾਏ ਗਏ ਕਨੂੰਨਾਂ ਨੂੰ ਵੈਸਟਮਿੰਸਟਰ ਸੰਸਦ ਵੱਲੋਂ ਬਦਲਿਆ/ਉਲਟਾਇਆ ਜਾ ਸਕਦਾ ਹੈ। ਦਰਅਸਲ, ਵੈਸਟਮਿੰਸਟਰ ਪਾਰਲੀਮੈਂਟ ਵੱਲੋਂ ਉਸ ਡਿਵੋਲਿਊਸ਼ਨ ਨੂੰ ਵੀ ਪਲਟਿਆ/ਬਦਲਿਆ ਜਾ ਸਕਦਾ ਹੈ, ਜੋ ਸਕਾਟਲੈਂਡ ਕਾਨੂੰਨ ਨੂੰ ਰੱਦ ਕਰਨ ਅਤੇ ਸਕਾਟਿਸ਼ ਸੰਸਦ ਨੂੰ ਭੰਗ ਕਰਨ ਲਈ ਇੱਕ ਕਨੂੰਨ ਪਾਸ ਕਰ ਸਕਦਾ ਹੈ।

ਸਕਾਟਲੈਂਡ ਦੇ ਲੋਕਾਂ ਲਈ ਸਕਾਟਲੈਂਡ ਵਾਸਤੇ ਆਜ਼ਾਦੀ ਇੱਕ ਸਥਾਈ, ਆਧੁਨਿਕ, ਲਿਖਤੀ ਸੰਵਿਧਾਨ ਬਣਾਉਣ ਦਾ ਇੱਕ ਮੌਕਾ ਹੋਵੇਗਾ।

ਇੱਕ ਇਕਹਿਰਾ ਲਿਖਤੀ ਦਸਤਾਵੇਜ਼ ਸਕਾਟਲੈਂਡ ਲਈ ਇੱਕ ਆਧੁਨਿਕ, ਲੋਕਤੰਤਰੀ ਰਾਜ ਦੇ ਰੂਪ ਵਿੱਚ ਢਾਂਚਾ ਸਥਾਪਤ ਕਰੇਗਾ। ਇਹ ਲੋਕਾਂ ਦੇ ਅਧਿਕਾਰਾਂ ਦੀ ਸਥਾਪਨਾ ਅਤੇ ਸੁਰੱਖਿਆ ਕਰੇਗਾ।

ਸਕਾਟਲੈਂਡ ਦੀ ਸਰਕਾਰ ਸਕਾਟਲੈਂਡ ਦੇ ਲੋਕਾਂ ਲਈ ਮਨੁੱਖੀ ਅਧਿਕਾਰਾਂ ਅਤੇ ਸਮਾਨਤਾ ਸੁਰੱਖਿਆ ਨੂੰ ਵਧਾਉਣ ਅਤੇ ਉਨ੍ਹਾਂ ਦੀ ਸੁਰੱਖਿਆ ਪ੍ਰਤੀ ਵਚਨਬੱਧ ਹੈ। ਹਾਲਾਂਕਿ, ਅਜਿਹਾ ਕਰਨ ਦੀ ਇਸਦੀ ਯੋਗਤਾ ਡਿਵੋਲਿਊਸ਼ਨ ਸੈਟਲਮੈਂਟ ਤੱਕ ਸੀਮਤ ਹੈ। ਸੁਤੰਤਰਤਾ ਸਕਾਟਲੈਂਡ ਦੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰੇਗੀ ਅਤੇ ਉਨ੍ਹਾਂ ਨੂੰ ਇਸਦੇ ਸੰਵਿਧਾਨ ਦੇ ਕੇਂਦਰ ਵਿੱਚ ਰੱਖ ਕੇ ਸਮਾਨਤਾ ਨੂੰ ਅੱਗੇ ਵਧਾਵੇਗੀ।

ਸੁਤੰਤਰ ਸਕਾਟਲੈਂਡ ਲਈ ਇੱਕ ਸੰਵਿਧਾਨ ਸਕਾਟਲੈਂਡ ਵਿੱਚ ਵੈਸਟਮਿੰਸਟਰ ਸੰਸਦੀ ਪ੍ਰਭੂਸੱਤਾ ਦੇ ਅੰਤ ਨੂੰ ਦਰਸਾਉਂਦਾ ਹੈ।

## ਆਧੁਨਿਕ ਸੰਵਿਧਾਨ ਕਿਵੇਂ ਬਣਾਇਆ ਜਾਵੇ

ਸਕਾਟਿਸ਼ ਸਰਕਾਰ ਦਾ ਮੰਨਣਾ ਹੈ ਕਿ ਇੱਕ ਸੁਤੰਤਰ ਸਕਾਟਲੈਂਡ ਦਾ ਸੰਵਿਧਾਨ ਲੋਕਾਂ ਦੀ ਪ੍ਰਭੂਸੱਤਾ 'ਤੇ ਅਧਾਰਤ ਹੋਣਾ ਚਾਹੀਦਾ ਹੈ ਅਤੇ ਇੱਕ ਆਧੁਨਿਕ, ਲੋਕਤੰਤਰੀ, ਯੂਰਪੀ ਰਾਸ਼ਟਰ ਵਜੋਂ ਸਕਾਟਲੈਂਡ ਦੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੋਣਾ ਚਾਹੀਦਾ ਹੈ।

ਇਸ ਮੰਤਵ ਨੂੰ ਪੂਰਾ ਕਰਨ ਲਈ, ਸਕਾਟਿਸ਼ ਸਰਕਾਰ ਦਾ ਪ੍ਰਸਤਾਵ ਹੈ:

- ਇੱਕ ਅੰਤਰਿਮ ਸੰਵਿਧਾਨ, ਜੋ ਸੁਤੰਤਰਤਾ ਵਾਲੇ ਦਿਨ ਤੋਂ ਲਾਗੂ ਹੋਵੇਗਾ
- ਇੱਕ ਸਥਾਈ ਸੰਵਿਧਾਨ ਜੋ ਲੋਕਾਂ ਵੱਲੋਂ ਕਨੂੰਨੀ ਤੌਰ 'ਤੇ ਲਾਜ਼ਮੀ ਸੰਵਿਧਾਨਕ ਇਜਲਾਸ ਰਾਹੀਂ ਬਣਾਇਆ ਗਿਆ ਹੈ

- ਸਕਾਟਲੈਂਡ ਦੇ ਲੋਕਾਂ ਨੂੰ ਸਥਾਈ ਸੰਵਿਧਾਨ ਦਾ ਫ਼ੈਸਲਾ ਕਰਨ ਦੇ ਯੋਗ ਬਣਾਉਣ ਲਈ ਇੱਕ ਲੋਕਮੱਤ

## ਇੱਕ ਅੰਤਰਿਮ ਸੰਵਿਧਾਨ

ਸਕਾਟਲੈਂਡ ਲਈ ਅੰਤਰਿਮ ਸੰਵਿਧਾਨ ਸਕਾਟਲੈਂਡ ਦੇ ਲੋਕਾਂ ਨਾਲ ਸਲਾਹ-ਮਸ਼ਵਰੇ ਅਤੇ ਗੱਲਬਾਤ ਰਾਹੀਂ ਵਿਕਸਤ ਕੀਤਾ ਜਾਵੇਗਾ ਅਤੇ ਜਿਸਨੂੰ ਕਿ ਪਹਿਲਾਂ ਤੋਂ ਮੌਜੂਦ ਸਰਕਾਰ ਦੀਆਂ ਮਜ਼ਬੂਤ ਬੁਨਿਆਦ 'ਤੇ ਬਣਾਇਆ ਜਾਵੇਗਾ। ਇਹ ਸਕਾਟਲੈਂਡ ਇੱਕ ਸੁਤੰਤਰ ਦੇਸ਼ ਬਣਨ ਵਾਲੇ ਦਿਨ ਤੋਂ ਪ੍ਰਭਾਵੀ ਹੋਵੇਗਾ, ਜੋ ਇੱਕ ਸਥਾਈ ਸੰਵਿਧਾਨ ਵਿਕਸਤ ਕਰਨ ਦੌਰਾਨ ਸਥਿਰਤਾ ਅਤੇ ਸਪੱਸ਼ਟਤਾ ਮੁਹੱਈਆ ਕਰੇਗਾ।

ਅੰਤਰਿਮ ਸੰਵਿਧਾਨ ਉਸ ਕਿਸਮ ਦੀ ਸਥਿਤੀ ਦਾ ਵਰਣਨ ਕਰੇਗਾ ਜਿਸ ਵਿੱਚ ਸਕਾਟਲੈਂਡ: ਸੁਤੰਤਰਤਾ ਦੇ ਮੌਕੇ 'ਤੇ ਅਸੀਂ ਸੰਵਿਧਾਨਕ ਰਾਜਤੰਤਰ ਅਤੇ ਸੰਸਦੀ ਲੋਕਤੰਤਰ ਵਾਲਾ ਇੱਕ ਦੇਸ਼ ਹੋਵਾਂਗੇ। ਇਹ ਲੋਕਾਂ ਦੀ ਪ੍ਰਭੂਸੱਤਾ ਨੂੰ ਸਥਾਪਤ ਕਰੇਗਾ ਅਤੇ ਰਾਜ ਦੀਆਂ ਮੁੱਖ ਸੰਸਥਾਵਾਂ ਦੇ ਨਾਲ-ਨਾਲ ਇਸ ਦੀਆਂ ਲੋਕਤੰਤਰੀ ਪ੍ਰਕਿਰਿਆਵਾਂ ਅਤੇ ਸੁਤੰਤਰ ਰੈਗੂਲੇਟਰੀ ਅਤੇ ਨਿਗਰਾਨੀ ਸੰਸਥਾਵਾਂ ਨੂੰ ਸਥਾਪਿਤ ਕਰੇਗਾ। ਇਹ ਇਸ ਗੱਲ ਨੂੰ ਪੱਕਾ ਕਰੇਗਾ ਕਿ ਸਕਾਟਿਸ਼ ਸਰਕਾਰ ਅਤੇ ਸਕਾਟਿਸ਼ ਸੰਸਦ ਵਰਗੀਆਂ ਸੰਸਥਾਵਾਂ ਲੋਕਾਂ ਪ੍ਰਤੀ ਜਵਾਬਦੇਹ ਹਨ। ਇਹ ਸਕਾਟਲੈਂਡ ਵਿੱਚ NHS ਦੀ ਸੰਵਿਧਾਨਕ ਮਾਨਤਾ ਮੁਹੱਈਆ ਕਰੇਗਾ। ਸਕਾਟਿਸ਼ ਸਰਕਾਰ ਦਾ ਇਹ ਵੀ ਪ੍ਰਸਤਾਵ ਹੈ ਕਿ ਸਕਾਟਲੈਂਡ ਲਈ ਇੱਕ ਅੰਤਰਿਮ ਸੰਵਿਧਾਨ ਸੁਤੰਤਰਤਾ ਤੋਂ ਬਾਅਦ ਦੀ ਸਕਾਟਿਸ਼ ਸਰਕਾਰ 'ਤੇ ਪ੍ਰਮਾਣੂ ਨਿਸ਼ਸਤਰੀਕਰਨ ਨੂੰ ਅੱਗੇ ਵਧਾਉਣ ਲਈ ਇੱਕ ਜ਼ੁੰਮੇਵਾਰੀ ਲਗਾਉਣੀ ਚਾਹੀਦੀ ਹੈ।

ਅੰਤਰਿਮ ਸੰਵਿਧਾਨ ਮਨੁੱਖੀ ਅਧਿਕਾਰਾਂ ਬਾਰੇ ਯੂਰਪੀ ਇਜਲਾਸ (ECHR) ਵਿੱਚ ਨਿਰਧਾਰਤ ਮਨੁੱਖੀ ਅਧਿਕਾਰਾਂ ਦੇ ਨਾਲ-ਨਾਲ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰਾਂ ਅਤੇ ਬੱਚਿਆਂ, ਔਰਤਾਂ, ਘੱਟ ਗਿਣਤੀ ਨਸਲੀ ਭਾਈਚਾਰਿਆਂ, ਅਪਾਹਜ ਵਿਅਕਤੀਆਂ ਅਤੇ ਸ਼ਰਨਾਰਥੀ ਦੇ ਅਧਿਕਾਰਾਂ ਅਤੇ ਇੱਕ ਸਿਹਤਮੰਦ ਵਾਤਾਵਰਣ ਦਾ ਅਧਿਕਾਰ ਨਾਲ ਸਬੰਧਤ ਮੁੱਖ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਧੀਆਂ ਨੂੰ ਸ਼ਾਮਲ ਕਰੇਗਾ। ਅੰਤਰਿਮ ਸੰਵਿਧਾਨ ਵਿੱਚ ਲੋੜ ਪੈਣ 'ਤੇ ਸਿਹਤ ਸੰਭਾਲ ਦੀ ਮੁਫ਼ਤ ਪ੍ਰਣਾਲੀ ਤੱਕ ਪਹੁੰਚ ਕਰਨ ਦਾ ਅਧਿਕਾਰ, ਅਤੇ ਹੜਤਾਲ ਕਰਨ ਦੇ ਅਧਿਕਾਰ ਸਮੇਤ ਕਰਮਚਾਰੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਦਾ ਅਧਿਕਾਰ ਸ਼ਾਮਲ ਹੋਵੇਗਾ। ਇਹ ਸਮਾਨਤਾ ਸੁਰੱਖਿਆ ਉਪਾਵਾਂ ਨੂੰ ਵੀ ਸ਼ਾਮਲ ਕਰੇਗਾ ਅਤੇ ਸਾਰਿਆਂ ਲਈ ਮੌਕੇ ਦੀ ਬਰਾਬਰੀ ਨੂੰ ਅੱਗੇ ਵਧਾਉਣ ਦੀ ਜ਼ੁੰਮੇਵਾਰੀ ਨੂੰ ਸ਼ਾਮਲ ਕਰੇਗਾ।

ਸੁਤੰਤਰਤਾ ਦੇ ਨਾਲ, ਇਹ ਅਧਿਕਾਰ ਵਰਤਮਾਨ ਵਿੱਚ ਪੈਦਾ ਹੋਏ ਅਤੇ ਪਹਿਲਾਂ ਦੇ ਰਾਖਵੇਂ ਦੋਵੇਂ ਮੁੱਦਿਆਂ ਨੂੰ ਕਵਰ ਕਰਨਗੇ। ਪੈਦਾ ਹੋਏ ਮੁੱਦੇ ਉਹ ਹੁੰਦੇ ਹਨ ਜਿੱਥੇ ਸਕਾਟਿਸ਼ ਸੰਸਦ ਕੋਲ ਕਨੂੰਨ ਬਣਾਉਣ ਦੀ ਸ਼ਕਤੀ ਹੁੰਦੀ ਹੈ, ਜਿਵੇਂ ਕਿ ਸਿਹਤ ਅਤੇ ਨਿਆਂ; ਵਰਤਮਾਨ ਵਿੱਚ ਰਾਖਵੇਂ ਮਾਮਲੇ ਉਹ ਹਨ ਜਿੱਥੇ ਵੈਸਟਮਿੰਸਟਰ ਸੰਸਦ ਕੋਲ ਕਨੂੰਨ ਬਣਾਉਣ ਦੀ ਸ਼ਕਤੀ ਹੈ, ਜਿਸ ਵਿੱਚ ਵਿਦੇਸ਼ੀ ਮਾਮਲੇ, ਰੁਜ਼ਗਾਰ ਕਨੂੰਨ ਅਤੇ ਆਵਾਸ ਸ਼ਾਮਲ ਹਨ। ਸੁਤੰਤਰਤਾ ਦੇ ਨਾਲ ਅਜਿਹਾ ਕੋਈ ਵੀ ਕਨੂੰਨ ਜੋ ਸਮੁੱਚੇ ਰਾਖਵੇਂ ਖੇਤਰਾਂ ਵਿੱਚ ਇਨ੍ਹਾਂ ਅਧਿਕਾਰਾਂ ਨਾਲ ਅਨੁਕੂਲ ਨਹੀਂ ਹਨ, ਉਨ੍ਹਾਂ ਨੂੰ ਫਿਰ ਸਮਾਪਤ ਕੀਤਾ ਜਾ ਸਕਦਾ ਹੈ।

ਆਜ਼ਾਦੀ ਤੋਂ ਬਾਅਦ, ਅੰਤਰਿਮ ਸੰਵਿਧਾਨ ਸਕਾਟਲੈਂਡ ਲਈ ਇੱਕ ਸਥਾਈ ਲਿਖਤੀ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਾਸਤੇ, ਇੱਕ ਸੰਵਿਧਾਨਕ ਇਜਲਾਸ ਸਥਾਪਤ ਕਰਨ ਲਈ ਸਕਾਟਲੈਂਡ ਦੀ ਸੰਸਦ 'ਤੇ ਇੱਕ ਜ਼ੁੰਮੇਵਾਰੀ ਵੀ ਲਗਾਵੇਗਾ।

## ਇੱਕ ਸਥਾਈ ਸੰਵਿਧਾਨ

ਸਥਾਈ ਸੰਵਿਧਾਨ ਦਾ ਖਰੜਾ ਤਿਆਰ ਕਰਨਾ ਇੱਕ ਸਾਂਝਾ ਰਾਸ਼ਟਰੀ ਯਤਨ ਹੋਣਾ ਚਾਹੀਦਾ ਹੈ। ਇਹ ਇੱਕ ਸੰਮਲਿਤ ਅਤੇ ਇੱਕ ਵਿਸਤ੍ਰਿਤ ਪ੍ਰਕਿਰਿਆ ਹੋਣੀ ਚਾਹੀਦੀ ਹੈ, ਜੋ ਸਕਾਟਲੈਂਡ ਦੇ ਸਾਰੇ ਲੋਕਾਂ ਤੱਕ ਪਹੁੰਚ ਕਰੇ। ਸਕਾਟਲੈਂਡ ਲਈ ਇੱਕ ਸੰਵਿਧਾਨਕ ਇਜਲਾਸ ਦੇ ਮੈਂਬਰ ਪੂਰੇ ਸਕਾਟਲੈਂਡ ਤੋਂ ਭਰਤੀ ਕੀਤੇ ਜਾਣੇ ਚਾਹੀਦੇ ਹਨ, ਜਿਸ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਸਮਾਜ ਦੇ ਵੱਖ-ਵੱਖ ਸਮੂਹਾਂ ਦੇ ਮਾਹਿਰਾਂ ਅਤੇ ਨੁਮਾਇੰਦਿਆਂ ਸਮੇਤ ਬਹੁਤ ਸਾਰੇ ਲੋਕ, ਭਾਈਚਾਰਿਆਂ ਅਤੇ ਸੰਸਥਾਵਾਂ ਸੰਵਿਧਾਨ ਬਣਾਉਣ ਦੇ ਸਾਂਝੇ ਰਾਸ਼ਟਰੀ ਯਤਨ ਵਿੱਚ ਸ਼ਾਮਲ ਹੋਣ।

ਇਹ ਸੰਵਿਧਾਨਕ ਇਜਲਾਸ ਵੱਲੋਂ ਸਕਾਟਿਸ਼ ਸੰਸਦ ਨੂੰ ਆਪਣਾ ਸਥਾਈ ਸੰਵਿਧਾਨ ਪੇਸ਼ ਕਰਨਾ ਹੋਵੇਗਾ, ਇਹ ਮੰਨਦੇ ਹੋਏ ਕਿ ਕਿਸੇ ਵੀ ਆਧੁਨਿਕ ਸੰਵਿਧਾਨ ਨੂੰ ਲੋਕਤੰਤਰੀ ਅਤੇ ਕਨੂੰਨੀ ਤੌਰ 'ਤੇ ਮਜ਼ਬੂਤ ਹੋਣ ਦੀ ਲੋੜ ਹੋਵੇਗੀ।

ਸਥਾਈ ਸੰਵਿਧਾਨ ਦੇ ਖਰੜੇ ਨੂੰ ਸਕਾਟਿਸ਼ ਸੰਸਦ ਵੱਲੋਂ ਵਿਚਾਰਿਆ ਜਾਵੇਗਾ, ਫਿਰ ਸਕਾਟਲੈਂਡ ਦੇ ਲੋਕਾਂ ਅੱਗੇ ਲੋਕਮੱਤ ਵਿੱਚ ਸਮਰਥਨ ਕਰਨ ਵਾਸਤੇ ਪੇਸ਼ ਕੀਤਾ ਜਾਵੇਗਾ। ਜੇ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਇਹ ਸਕਾਟਲੈਂਡ ਲਈ ਸਥਾਈ, ਲਿਖਤੀ ਸੰਵਿਧਾਨ ਬਣ ਜਾਵੇਗਾ।

ਸਕਾਟਿਸ਼ ਸਰਕਾਰ ਦੇ ਦ੍ਰਿਸ਼ਟੀਕੋਣ ਵਿੱਚ, ਸਥਾਈ ਸੰਵਿਧਾਨ ਇੱਕ ਜੀਵਤ ਦਸਤਾਵੇਜ਼ ਹੋਣਾ ਚਾਹੀਦਾ ਹੈ, ਜੋ ਕਿ ਸਮੇਂ ਨਾਲ ਸੰਬੰਧਿਤ ਰਹਿਣ ਲਈ ਵਿਕਸਤ ਹੋਣ ਦੇ ਸਮਰੱਥ ਹੈ। ਹਾਲਾਂਕਿ, ਇਸ ਵਿੱਚ ਸੰਵਿਧਾਨਕ ਸੁਰੱਖਿਆ ਉਪਾਵਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਜੋ ਇੱਕ ਸਧਾਰਨ ਸੰਸਦੀ ਬਹੁਮਤ ਵਾਲੀ ਸਰਕਾਰ ਰਾਹੀਂ ਬਦਲਿਆ ਨਹੀਂ ਜਾ ਸਕਦਾ, ਪਰ ਲੋੜ ਪੈਣ 'ਤੇ ਸੋਧਿਆ ਜਾ ਸਕਦਾ ਹੈ।

ਸਥਾਈ ਸੰਵਿਧਾਨ ਉਹ ਆਧਾਰ ਹੋਵੇਗਾ ਜਿਸ 'ਤੇ ਸਾਰੀਆਂ ਸੰਸਦੀ ਅਤੇ ਸਰਕਾਰੀ ਗਤੀਵਿਧੀਆਂ ਇੱਕ ਸੁਤੰਤਰ ਸਕਾਟਲੈਂਡ ਵਿੱਚ ਹੁੰਦੀਆਂ ਹਨ।

## ਅਧਿਕਾਰਾਂ ਅਤੇ ਸਮਾਨਤਾ ਦੀ ਰੱਖਿਆ ਕਰਨਾ

ਸਕਾਟਿਸ਼ ਸਰਕਾਰ ਸਕਾਟਲੈਂਡ ਵਿੱਚ ਸੰਵਿਧਾਨਕ ਮਨੁੱਖੀ ਅਧਿਕਾਰਾਂ ਅਤੇ ਸਮਾਨਤਾ ਸੁਰੱਖਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ, ਨਿਗਰਾਨੀ ਕਰਨ ਅਤੇ ਇਸਦੀ ਰਿਪੋਰਟ ਕਰਨ ਅਤੇ ਇਹ ਕਿ ਪਹੁੰਚਯੋਗ ਉਪਾਅ ਉਪਲਬਧ ਹੋਣ ਨੂੰ ਯਕੀਨੀ ਬਣਾਉਣ ਲਈ ਇੱਕ ਮਜ਼ਬੂਤ ਮਨੁੱਖੀ ਅਧਿਕਾਰ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣ ਲਈ ਵਚਨਬੱਧ ਹੈ।

ਸਕਾਟਿਸ਼ ਸਰਕਾਰ ਆਪਣੇ ਆਪ ਨੂੰ ਉਨ੍ਹਾਂ ਹੀ ਅੰਤਰਰਾਸ਼ਟਰੀ ਸੰਧੀਆਂ ਰਾਹੀਂ ਬੱਝੇ ਹੋਏ ਸਮਝੇਗੀ ਅਤੇ ਸ਼ੁਰੂਆਤੀ ਬਿੰਦੂ ਦੇ ਤੌਰ 'ਤੇ, ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀਆਂ ਉਹੀ ਜ਼ੁੰਮੇਵਾਰੀਆਂ ਹੋਣਗੀਆਂ ਜੋ ਯੂ.ਕੇ. ਦੀ ਆਜ਼ਾਦੀ ਦੇ ਸਮੇਂ ਹਨ। ਸੁਤੰਤਰਤਾ ਸਕਾਟਲੈਂਡ ਨੂੰ ਹੋਰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਧੀਆਂ ਦੀ ਪ੍ਰਵਾਨਗੀ 'ਤੇ ਵਿਚਾਰ ਕਰਨ ਦਾ ਮੌਕਾ ਵੀ ਮੁਹੱਈਆ ਕਰੇਗੀ।

## ਸਿੱਟਾ

ਸੁਤੰਤਰਤਾ ਸਕਾਟਲੈਂਡ ਦੇ ਲੋਕਾਂ ਨੂੰ ਇੱਕ ਅਜਿਹਾ ਸੰਵਿਧਾਨ ਬਣਾਉਣ ਦੀ ਇਜਾਜ਼ਤ ਦੇਵੇਗੀ ਜੋ ਸਾਡੇ ਦੇਸ਼ ਦੇ ਕੰਮ ਕਰਨ ਦੇ ਤਰੀਕੇ ਨੂੰ ਨਿਰਧਾਰਤ ਕਰੇਗਾ।

ਇੱਕ ਨਵਾਂ ਸੰਵਿਧਾਨ ਸਾਨੂੰ ਸਕਾਟਲੈਂਡ ਦੇ ਲੋਕਤੰਤਰ ਦੇ ਕੇਂਦਰ ਵਿੱਚ ਅਧਿਕਾਰਾਂ ਅਤੇ ਸਮਾਨਤਾ ਨੂੰ ਰੱਖਣ ਦੀ ਇਜਾਜ਼ਤ ਦੇਵੇਗਾ।

© The Scottish Government 2023

ISBN: 978-1-83521-018-5

ਸਕਾਟਿਸ਼ ਸਰਕਾਰ ਵੱਲੋਂ ਪ੍ਰਕਾਸ਼ਿਤ ਕੀਤਾ, ਜੂਨ 2023

APS ਗਰੁੱਪ ਸਕਾਟਲੈਂਡ, 21 Tennant Street, Edinburgh EH6 5NA PPDAS1151962 (06/23) ਵੱਲੋਂ ਸਕਾਟਿਸ਼ ਸਰਕਾਰ ਲਈ ਤਿਆਰ ਕੀਤਾ ਗਿਆ